# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ....3125..../ਕਾਲਜ/ਸ-6

ਮਿਤੀ ....6/6..../2019

ਚੇਅਰਮੈਨ/ਪ੍ਰਿੰਸੀਪਲ,
ਸ਼ਿਵਾਲਿਕ ਇੰਸਟੀਚਿਊਟ ਆਫ ਐਜੂਕੇਸ਼ਨ ਐਂਡ ਰਿਸਰਚ,
ਸੈਕਟਰ 56, ਫੇਜ਼ 6, ਮੋਹਾਲੀ।

**ਵਿਸ਼ਾ:- ਕਾਲਜ ਵਿਖੇ ਸੈਸ਼ਨ 2019-20 ਤੋਂ M.A. (Education) ਕੋਰਸ ਭਾਗ ਪਹਿਲਾ ਸ਼ੁਰੂ ਕਰਨ ਦੀ ਪ੍ਰਵਾਨਗੀ ਸਬੰਧੀ।**

ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਪੱਤਰ/ਅੰਡਰਟੇਕਿੰਗ ਨੰ: SIER/2019/5569, ਮਿਤੀ 27.5.2019 ਦੇ ਹਵਾਲੇ ਵਿੱਚ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਮੁਆਇਨਾ ਕਮੇਟੀ ਵੱਲੋਂ ਪੇਸ਼ ਕੀਤੀ ਗਈ ਰਿਪੋਰਟ (ਪਹਿਲਾਂ ਹੀ ਭੇਜੀ ਜਾ ਚੁੱਕੀ ਹੈ) ਵਿੱਚ ਦਰਜ ਸ਼ਰਤਾਂ/ਸ਼ਿਫਾਰਸ਼ਾਂ ਦੀ ਲੋਅ ਵਿੱਚ ਕਾਲਜ ਵਿਖੇ ਸੈਸ਼ਨ 2019-20 ਤੋਂ ਐਮ.ਏ. (ਐਜੂਕੇਸ਼ਨ) ਕੋਰਸ ਭਾਗ ਪਹਿਲਾ (40 ਸੀਟਾਂ) ਸ਼ੁਰੂ ਕਰਨ/ਦਾਖਲੇ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਇਸ ਦੇ ਨਾਲ ਹੀ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਐਮ.ਏ. (ਐਜੂਕੇਸ਼ਨ) ਕੋਰਸ ਲਈ ਲੋੜੀਂਦੇ ਟੀਚਿੰਗ ਸਟਾਫ ਦਾ ਹੋਣਾ ਜਰੂਰੀ ਹੈ। ਇਸ ਲਈ ਕਾਲਜ ਵੱਲੋਂ ਲੋੜੀਂਦੇ ਟੀਚਿੰਗ ਸਟਾਫ ਦੀ ਇੰਟਰਵਿਊ ਕਰਵਾਉਣ ਉਪਰੰਤ ਨਿਯੁਕਤੀ ਕਰਕੇ ਤੁਰੰਤ ਦਫਤਰ ਨੂੰ ਸੂਚਿਤ ਕੀਤਾ ਜਾਵੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

**ਵਿਸ਼ਵਾਸ਼ਪਾਤਰ,**

6/6/19

**ਸਹਾਇਕ ਰਜਿਸਟਰਾਰ (ਕਾਲਜਾਂ)**